# ਸ਼ਿੰਗਾਰ ਮਾਂ ਚਿੰਤਾ ਪੁਰਨੀ ਦਾ

ਸ਼ਿੰਗਾਰ ਮਾਂ ਚਿੰਤਾ ਪੁਰਨੀ ਦਾ

===================
ਸਭਨਾਂ, ਤੇ ਉਪਕਾਰ, ਮਾਂ ਚਿੰਤਾ, ਪੁਰਨੀ ਦਾ ॥,
'ਰੋਜ਼, ਨਵਾਂ ਸ਼ਿੰਗਾਰ, ਮਾਂ ਚਿੰਤਾ, ਪੁਰਨੀ ਦਾ' ॥
^
ਲਾਲ ਲਾਲ ਹੀ, ਚੂੜੀਆਂ ਮਾਂ ਦੀਆਂ,
ਲਾਲ ਹੀ, ਮਾਂ ਦੀਆਂ, ਚੁੰਨੀਆਂ ਨੇ।
ਓਹਦੇ ਬੇੜੇ, ਪਾਰ ਹੋਵਣ,
"ਜੀਹਨੇ ਵੀ, ਡੋਰੀਆਂ ਸੁੱਟੀਆਂ ਨੇ" ॥
ਮਿਲਦਾ, ਸਭ ਨੂੰ ਪਿਆਰ, ਮਾਂ ਚਿੰਤਾ ਪੁਰਨੀ ਦਾ ॥,
'ਰੋਜ਼ ਨਵਾਂ ਸ਼ਿੰਗਾਰ, ਮਾਂ ਚਿੰਤਾ ਪੁਰਨੀ ਦਾ' ॥
^
ਰੰਗ ਬਿਰੰਗੇ, ਫ਼ੁੱਲਾਂ ਦੇ ਨਾਲ,
"ਮਾਂ ਦੀ, ਪਿੰਡੀ ਸੱਜਦੀ ਏ"।
ਜੀ ਕਰਦਾ, ਮੈਂ ਵੇਖੀ ਜਾਵਾਂ,
"ਬੜੀ, ਪਿਆਰੀ ਲੱਗਦੀ ਏ" ॥
ਸਭ, 'ਖੁੱਲ੍ਹੇ ਕਰਨ ਦੀਦਾਰ, ਮਾਂ ਚਿੰਤਾ, ਪੁਰਨੀ ਦਾ ॥,
'ਰੋਜ਼, ਨਵਾਂ ਸ਼ਿੰਗਾਰ, ਮਾਂ ਚਿੰਤਾ, ਪੁਰਨੀ ਦਾ' ॥
^
ਭਾਗਾਂ ਵਾਲੇ, ਭਗਤ ਨੇ ਓਹ,
"ਜਿਹਨਾਂ ਤੇ, ਰਹਿਮਤ ਹੁੰਦੀ ਏ"।
ਮਨੀ ਸੁਣਾਵੇ, ਭੇਟਾਂ ਮਾਂ ਨੂੰ,
"ਮਈਆ ਆਪ ਹੀ, ਬਹਿ ਕੇ ਸੁਣਦੀ ਏ"
ਮੰਗਦਣ, ਜਿੱਤ ਪਿਆਰ, ਮਾਂ ਚਿੰਤਾ, ਪੁਰਨੀ ਦਾ ॥,
'ਰੋਜ਼, ਨਵਾਂ ਸ਼ਿੰਗਾਰ, ਮਾਂ ਚਿੰਤਾ, ਪੁਰਨੀ ਦਾ' ॥

https://www.bhajanganga.com/bhajan/lyrics/id/33708/title/Shingar-Chintapurni-Da

अपने Android मोबाइल पर BhajanGanga App डाउनलोड करें और भजनों का आनंद ले |